# ਪਿੱਠ-ਭੂਮੀ 5

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

## ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਲਈ ਹੁਣ ਬੀ ਸੀ ਵਿੱਚ ਨਿਵੇਸ਼

ਲੋਕਾਂ ਨੂੰ ਸੁਰੱਖਿਅਤ ਰੱਖਣ ਨਾਲ ਅਤੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਨਾਲ, ਬੀ ਸੀ ਇੱਕ ਅਜਿਹੀ ਮਜ਼ਬੂਤ ਆਰਥਕ ਮੁੜ-ਬਹਾਲੀ ਵੱਲ ਕਦਮ ਵਧਾ ਸਕਦਾ ਹੈ ਜਿਸ ਵਿੱਚ ਹਰ ਕੋਈ ਸ਼ਾਮਲ ਹੋਵੇ।

ਨਿਯੋਜਿਤ ਸਿਖਲਾਈ, ਬੁਨਿਆਦੀ ਢਾਂਚੇ ਅਤੇ ਰੁਜ਼ਗਾਰ ਪੈਦਾ ਕਰਨ ਵਿੱਚ ਨਿਵੇਸ਼ ਰਾਹੀਂ, ਬਜਟ 2021 ਲੋਕਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਲਈ ਦੀਰਘ-ਕਾਲੀਨ ਅਵਸਰ ਪ੍ਰਦਾਨ ਕਰਨ ਲਈ ਕਾਰਜ ਕਰੇਗਾ।

### ਨਵੀਂ ਸਿਖਲਾਈ ਅਤੇ ਰੁਜ਼ਗਾਰ ਦੇ ਅਵਸਰਾਂ ਰਾਹੀਂ ਲੋਕਾਂ ਵਿੱਚ ਨਿਵੇਸ਼

ਜਦੋਂ ਕੋਵਿਡ-19 ਨੇ ਬੀ ਸੀ ‘ਤੇ ਹਮਲਾ ਕੀਤਾ, ਤਾਂ ਬਹੁਤ ਸਾਰੇ ਲੋਕਾਂ ਅਤੇ ਪਰਿਵਾਰਾਂ ਨੂੰ ਅਚਾਨਕ ਨੌਕਰੀਆਂ ਜਾਂਦੇ ਰਹਿਣ ਕਾਰਣ ਮਾਲੀ ਅਤੇ ਭਾਵਨਾਤਮਕ ਦਬਾਅ ਦੇ ਅਨੁਭਵ ‘ਚੋਂ ਗੁਜ਼ਰਨਾ ਪਿਆ। ਕੁਝ ਖੇਤਰਾਂ ਵਿੱਚ, ਰੁਜ਼ਗਾਰ ਮਹਾਮਾਰੀ-ਪੂਰਵ ਪੱਧਰਾਂ ‘ਤੇ ਵਾਪਸ ਆ ਗਿਆ ਹੈ ਜਾਂ ਉਸ ਤੋਂ ਉਪਰ ਲੰਘ ਗਿਆ ਹੈ, ਪਰ ਹਰ ਕੋਈ ਇਕੋ ਜਿਹੇ ਢੰਗ ਨਾਲ ਪ੍ਰਭਾਵਤ ਨਹੀਂ ਹੋਇਆ। ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰ ਸਿਖਲਾਈ ਅਵਸਰਾਂ ਵਿੱਚ ਨਿਵੇਸ਼ ਕਰਨਾ ਬੀ ਸੀ ਦੀ ਸਿਹਤਯਾਬੀ ਦਾ ਇੱਕ ਮਹੱਤਵਪੂਰਣ ਹਿੱਸਾ ਹਨ। ਬਜਟ 2021 ਰਾਹੀਂ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਹਾਸਲ ਕਰਨ ਲਈ ਅਤੇ ਬੀ ਸੀ ਦੇ ਕਿਰਤੀਬਲ ਨੂੰ ਮਜ਼ਬੂਤ ਕਰਨ ਲਈ ਲੋਕਾਂ ਨੂੰ ਸਿਖਲਾਈ ਅਤੇ ਮੁੜ-ਸਿਖਲਾਈ ਦੇਣ ਲਈ ਨਿਵੇਸ਼ ਕੀਤਾ ਗਿਆ ਹੈ, ਜਿਸ ਵਿੱਚ ਸ਼ਾਮਲ ਹੈ:

- $96 ਮਿਲੀਅਨ ਤਿੰਨ ਸਾਲਾਂ ਦੌਰਾਨ ਨਵੀਆਂ ਸਿਖਲਾਈ ਥਾਂਵਾਂ ਲਈ, ਤਾਂ ਕਿ ਸਿਹਤ-ਖੇਤਰ ਦੀ ਸਮਰੱਥਾ ਵਧਾਉਣ ਲਈ ਇੱਕ ਕਿਰਤੀਬਲ ਦਾ ਨਿਰਮਾਣ ਕੀਤਾ ਜਾ ਸਕੇ, ਜਿਸ ਵਿੱਚ ਹੈੱਲਥ ਕੈਰੀਅਰ ਐਕਸੈੱਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਲਈ ਸਿਖਲਾਈ ਸ਼ਾਮਲ ਹੈ।
- $32 ਮਿਲੀਅਨ ਦੀ ਇੱਕੋ ਵਾਰ ਦਿੱਤੀ ਜਾਣ ਵਾਲੀ ਮਾਲੀ ਮਦਦ ਤਾਂ ਕਿ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ ਆਰੰਭ ਕੀਤੀ ਗਈ ਸਿਖਲਾਈ ਜਾਰੀ ਰੱਖੀ ਜਾ ਸਕੇ, ਜਿਸ ਵਿੱਚ ਸ਼ਾਮਲ ਹੈ:
    - $17 ਮਿਲੀਅਨ, ਤਾਂ ਕਿ ਮੂਲਵਾਸੀ ਹੁਨਰ ਸਿਖਲਾਈ ਪ੍ਰੋਗਰਾਮ ਰਾਹੀਂ ਪ੍ਰੋਗਰਾਮਾਂ ਤੱਕ ਪਹੁੰਚ ਦਾ ਦਾਇਰਾ ਵਧਾਉਣ ਲਈ ਸੈਂਕੜੇ ਹੀ ਮੂਲਵਾਸੀ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਭਾਈਵਾਲੀ ਕੀਤੀ ਜਾ ਸਕੇ।
    - $5 ਮਿਲੀਅਨ, ਤਾਂ ਕਿ 30 ਨਵੇਂ ਮਾਈਕ੍ਰੋ-ਕ੍ਰਿਡੈਂਸ਼ੀਅਲ ਪ੍ਰੋਗਰਾਮ ਸ਼ਾਮਲ ਕਰ ਕੇ ਰੁਜ਼ਗਾਰ ਬਰਕਰਾਰ ਰੱਖਣ ਜਾਂ ਰੁਜ਼ਗਾਰ ਦੇ ਨਵੇਂ ਅਵਸਰ ਤਲਾਸ਼ ਕਰਨ ਦਾ ਯਤਨ ਕਰ ਰਹੇ ਲੋਕਾਂ ਲਈ ਬੀ ਸੀ ਵਿੱਚ ਮਾਈਕ੍ਰੋ-ਕ੍ਰਿਡੈਂਸ਼ੀਅਲ ਸਿਖਲਾਈ ਲਈ 2020-21 ਵਿੱਚ ਕੀਤੇ ਗਏ ਨਿਵੇਸ਼ਾਂ ਦਾ ਦਾਇਰਾ ਵਧਾਇਆ ਜਾ ਸਕੇ।
    - $6 ਮਿਲੀਅਨ, ਤਾਂ ਕਿ ਬੀ ਸੀ ਦੀਆਂ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਲਗਭਗ 3,000 ਵਿਦਿਆਰਥੀਆਂ ਲਈ ਕਾਰਜ-ਸੰਯੁਕਤ ਸਿਖਲਾਈ ਦੇ ਮੌਕਿਆਂ ਵਿੱਚ ਸਹਾਇਤਾ ਦਿੱਤੀ ਜਾ ਸਕੇ, ਜਿਸ ਨਾਲ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਆਬਾਦੀ ਦੇ ਇੱਕ ਹਿੱਸੇ ਨੂੰ ਅਰਥਪੂਰਣ ਰੁਜ਼ਗਾਰ ਹਾਸਲ ਕਰਨ ਵਿੱਚ ਮਦਦ ਮਿਲੇਗੀ।
    - $4 ਮਿਲੀਅਨ, ਤਾਂ ਕਿ ਉੱਚ ਮੰਗ ਵਾਲੇ ਖੇਤਰਾਂ, ਜਿਵੇਂ ਕਿ ਨਿਰਮਾਣ, ਤਕਨਾਲੋਜੀ, ਸਿਹਤ-ਸੰਭਾਲ ਅਤੇ ਬਾਲ-ਸੰਭਾਲ, ਵਿੱਚ ਬੇਰੁਜ਼ਗਾਰ ਜਾਂ ਨਿਮਨ-ਰੁਜ਼ਗਾਰ ਵਾਲੇ ਲੋਕਾਂ ਲਈ ਅਲਪ-ਕਾਲੀਨ ਸਿਖਲਾਈ ਪ੍ਰੋਗਰਾਮ ਜਾਰੀ ਰੱਖੇ ਜਾ ਸਕਣ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੜ੍ਹਾਈ ਪੂਰੀ ਕਰਨ ਵਾਲੇ ਵਿਦਿਆਰਥੀ ਨੌਕਰੀ ਹਾਸਲ ਕਰਨ ਲਈ ਵਧੀਆ ਸਥਿਤੀ ਵਿੱਚ ਹੋਣ।

**ਬੀ ਸੀ ਦੇ ਯੁਵਕਾਂ ਲਈ ਰੁਜ਼ਗਾਰ ਦੇ ਅਵਸਰ**

ਸਰਕਾਰ ਇਹ ਯਕੀਨੀ ਬਣਾਉਣ ਲਈ ਕੋਸ਼ਿਸ਼ ਕਰ ਰਹੀ ਹੈ ਕਿ ਇਸ ਮਹਾਮਾਰੀ ਨਾਲ ਬੀ ਸੀ ਦੇ ਯੁਵਕਾਂ ਦੇ ਭਵਿੱਖ ਦੀ ਸਫ਼ਲਤਾ ਵਿੱਚ ਵਿਘਨ ਨਾ ਪਵੇ। ਬਜਟ 2021 ਅਤੇ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ, ਸੂਬਾ ਸਰਕਾਰ ਲਗਭਗ 5,000 ਯੁਵਕਾਂ ਲਈ ਰੁਜ਼ਗਾਰ ਅਤੇ ਸਿਖਲਾਈ ਦੇ ਅਵਸਰ ਉਤਪੰਨ ਕਰਨ ਲਈ ਇਹ ਕਰ ਰਹੀ ਹੈ:

- $15 ਮਿਲੀਅਨ, ਤਾਂ ਕਿ ਇਨੋਵੇਟਰ ਸਕਿਲਜ਼ ਇਨੀਸ਼ਿਏਟਿਵ ਪ੍ਰੋਗਰਾਮ ਦਾ ਦਾਇਰਾ ਵਧਾਇਆ ਜਾ ਸਕੇ, ਜਿਸ ਰਾਹੀਂ 3,000 ਤੱਕ ਉਨ੍ਹਾਂ ਪੋਸਟ-ਸੈਕੰਡਰੀ ਵਿਦਿਆਰਥੀਆਂ ਨੂੰ, ਜਿਨ੍ਹਾਂ ਨੇ ਸਰਟੀਫ਼ਿਕੇਟ ਹਾਸਲ ਕਰ ਲਿਆ ਹੈ ਜਾਂ ਸਿਖਲਾਈ ਪੂਰੀ ਕਰ ਲਈ ਹੈ, ਨੌਕਰੀ ‘ਤੇ ਰੱਖਣ ਵਿੱਚ ਮਦਦ ਦੇਣ ਲਈ ਕਾਰੋਬਾਰਾਂ ਨੂੰ $10,000 ਤੱਕ ਦੀ ਮਾਲੀ ਮਦਦ ਪ੍ਰਦਾਨ ਕੀਤੀ ਜਾਂਦੀ ਹੈ।
- $9 ਮਿਲੀਅਨ,ਨੈਚੁਰਲ ਰਿਸੋਰਸ ਯੂਥ ਐਂਪਲੌਇਮੈਂਟ ਪ੍ਰੋਗਰਾਮ ਦੇ ਤਹਿਤ ਲਗਭਗ 160 ਨੌਕਰੀਆਂ ਲਈ।
- $7 ਮਿਲੀਅਨ, ਤਾਂ ਕਿ ਜੋ ਨਿਵੇਸ਼ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵੱਲੋਂ ਬੀ ਸੀ ਦੇ ਅੰਦਰ ਕੈਨੇਡੀਅਨ ਟੈੱਕ ਟੇਲੈਂਟ ਐਕਸੈਲਰੇਟਰ ਪ੍ਰੋਗਰਾਮ ਦਾ ਦਾਇਰਾ ਵਧਾਉਣ ਵਿੱਚ ਮਦਦ ਕਰਨ ਲਈ ਡਿਜਿਟਲ ਟੈਕਨੌਲੋਜੀ ਸੁਪਰਕਲੱਸਟਰ ਵਿੱਚ ਕੀਤਾ ਗਿਆ ਹੈ, ਉਸ ਰਾਹੀਂ 1,400 ਤੋਂ 2,000 ਮੂਲਵਾਸੀ, ਕਾਲੇ, ਰੰਗਦਾਰ ਲੋਕਾਂ ਅਤੇ ਨਿਮਨ-ਪ੍ਰਤੀਨਿਧਤਾ ਵਾਲੇ ਯੁਵਕਾਂ ਨੂੰ ਇੱਕ ਇੰਟਰਨਸ਼ਿਪ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਲਈ ਸਹਾਇਤਾ ਦਿੱਤੀ ਜਾ ਸਕੇ।
- $4 ਮਿਲੀਅਨ, ਤਾਂ ਕਿ ਬੀ ਸੀ ਪਾਰਕਸ, ਕੰਜ਼ਰਵੇਸ਼ਨ ਔਫ਼ੀਸਰ ਸਰਵਿਸਜ਼ ਐਂਡ ਅਕੁਐਟਿਕ ਇਨਵੇਸਿਵ ਸਪੀਸ਼ੀਜ਼ ਪ੍ਰੋਗਰਾਮ ਰਾਹੀਂ ਯੁਵਕਾਂ ਲਈ 80 ਤੋਂ ਵੱਧ ਰੁਜ਼ਗਾਰ ਦੇ ਅਵਸਰਾਂ ਵਿੱਚ ਸਹਾਇਤਾ ਦਿੱਤੀ ਜਾ ਸਕੇ।
- $5 ਮਿਲੀਅਨ, ਤਾਂ ਕਿ ਸਮੁੰਦਰੀ ਕਿਨਾਰਿਆਂ ਤੋਂ ਸਮੁੰਦਰੀ ਮਲਬਾ ਹਟਾਉਣ ਲਈ ਲਗਭਗ 180 ਨੌਕਰੀਆਂ ਪੈਦਾ ਕਰਨ ਲਈ, ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ ਆਰੰਭ ਕੀਤੇ ਗਏ ਕਲੀਨ ਕੋਸਟ, ਕਲੀਨ ਵਾਟਰਜ਼ ਪ੍ਰੋਗਰਾਮ ਨੂੰ ਵਧਾਇਆ ਜਾ ਸਕੇ।
- $3 ਮਿਲੀਅਨ, ਰੀਕ੍ਰਿਏਸ਼ਨ ਸਾਈਟਸ ਐਂਡ ਟ੍ਰੇਲਜ਼ ਬੀ ਸੀ ਯੂਥ ਪ੍ਰੋਗਰਾਮ ਲਈ, ਤਾਂ ਕਿ ਜਨਤਕ ਆਊਟਡੋਰ ਮਨੋਰੰਜਨ ਸਥਾਨਾਂ ਨੂੰ ਮੁੜ ਚਾਲੂ ਕਰਨ ਵਿੱਚ ਮਦਦ ਕਰਨ ਲਈ ਅਤੇ ਗ੍ਰਾਮੀਣ ਅਤੇ ਦੂਰ-ਦੁਰਾਡੇ ਭਾਈਚਾਰਿਆਂ ਵਿੱਚ ਰੁਜ਼ਗਾਰ ਮੁਹੱਈਆ ਕਰਾਉਣ ਲਈ 72 ਨਵੀਆਂ ਨੌਕਰੀਆਂ ਉਤਪੰਨ ਕੀਤੀਆਂ ਜਾ ਸਕਣ।

**ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਲਈ ਭਾਈਚਾਰਿਆਂ ਵਿੱਚ ਨਿਵੇਸ਼**

ਬੀ ਸੀ ਦੇ ਭਾਈਚਾਰਿਆਂ ਨੇ ਪਿਛਲੇ ਸਾਲ ਦੌਰਾਨ ਸਥਿਤੀ ਦੇ ਅਨੁਰੂਪ ਢਲ ਸਕਣ ਦੀ ਸਮਰੱਥਾ ਦਰਸਾਈ ਹੈ। ਬਜਟ 2021 ਵਿੱਚ ਸਥਿਤੀ ਅਨੁਰੂਪ ਢਲ ਸਕਣ ਦੀ ਇਸ ਸਮਰੱਥਾ ਨੂੰ ਇਹ ਯਕੀਨੀ ਬਣਾਉਣ ਲਈ ਮਦਦ ਦੇ ਕੇ ਮਜ਼ਬੂਤ ਕਰਨ ਲਈ ਇਤਿਹਾਸਕ ਨਿਵੇਸ਼ ਕੀਤੇ ਗਏ ਹਨ ਕਿ ਉਹ ਸੇਵਾਵਾਂ, ਜਿਨ੍ਹਾਂ ‘ਤੇ ਲੋਕ ਨਿਰਭਰ ਕਰਦੇ ਹਨ, ਮੁਹੱਈਆ ਕਰਾਉਣ ਲਈ ਇੱਕ ਸਹੀ ਬੁਨਿਆਦੀ ਢਾਂਚਾ ਸਥਾਪਤ ਹੋਵੇ, ਅਤੇ ਉਸ ਦੇ ਨਾਲ ਨਾਲ ਰੁਜ਼ਗਾਰ ਉਤਪੰਨ ਹੋਵੇ ਅਤੇ ਹਸਪਤਾਲਾਂ, ਸਕੂਲਾਂ, ਹਾਈਵੇਅ ਅਤੇ ਟ੍ਰਾਂਜ਼ਿਟ ਪ੍ਰੋਜੈਕਟਾਂ ਦਾ ਪੱਧਰ ਵਧ ਸਕੇ।

ਬਜਟ 2021 ਵਿੱਚ ਸੂਬਾ ਸਰਕਾਰ ਦੀ ਪੂੰਜੀ ਯੋਜਨਾ ਦੇ ਹਿੱਸੇ ਦੇ ਤੌਰ ‘ਤੇ ਤਿੰਨ ਸਾਲਾਂ ਦੌਰਾਨ ਕਰ-ਦਾਤਾ ਦੁਆਰਾ ਸਹਾਇਤਾ ਪ੍ਰਾਪਤ ਨਿਵੇਸ਼ਾਂ ਦੇ ਰੂਪ ਵਿੱਚ ਰਿਕਾਰਡ ਪੱਧਰ ‘ਤੇ $26.4 ਬਿਲੀਅਨ ਮੁਹੱਈਆ ਕਰਾਏ ਗਏ ਹਨ। ਸਿਹਤ, ਸਿੱਖਿਆ ਅਤੇ ਆਵਾਜਾਈ ਵਿੱਚ ਨਿਵੇਸ਼ਾਂ ਦੁਆਰਾ ਤਿੰਨ ਸਾਲਾਂ ਦੌਰਾਨ ਕੀਤਾ ਜਾਣ ਵਾਲਾ ਇਹ ਰਿਕਾਰਡ-ਪੱਧਰੀ ਪੂੰਜੀਗਤ ਖ਼ਰਚਾ ਬਜਟ 2020 ਵਿੱਚ ਦਿੱਤੀ ਗਈ ਤਿੰਨ-ਸਾਲਾ ਯੋਜਨਾ ਨਾਲੋਂ $3.5 ਬਿਲੀਅਨ ਵੱਧ ਹੈ। ਇਨ੍ਹਾਂ ਪੂੰਜੀਗਤ ਨਿਵੇਸ਼ਾਂ ਨਾਲ ਮਾਲੀ ਯੋਜਨਾ ਦੌਰਾਨ 85,000 ਤੋਂ ਵੱਧ ਨੌਕਰੀਆਂ ਉਤਪੰਨ ਹੋਣ ਦੀ ਉਮੀਦ ਹੈ।

ਇਹ ਨਿਵੇਸ਼ ਉਨ੍ਹਾਂ ਇਤਿਹਾਸਕ ਨਿਵੇਸ਼ਾਂ ਨੂੰ ਅੱਗੇ ਵਧਾਉਂਦੇ ਹਨ ਜੋ ਸਰਕਾਰ ਪਹਿਲਾਂ ਹੀ ਬੇਹੱਦ ਜ਼ਰੂਰੀ ਬੁਨਿਆਦੀ ਢਾਂਚੇ ਵਿੱਚ ਕਰ ਚੁੱਕੀ ਹੈ। ਦੋਹਾਂ ਮੌਜੂਦਾ ਪ੍ਰੋਜੈਕਟਾਂ ‘ਤੇ ਧਿਆਨ ਕੇਂਦ੍ਰਿਤ ਹੈ, ਤਾਂ ਕਿ ਲੋਕ ਤੁਰੰਤ ਕੰਮ ‘ਤੇ ਵਾਪਸ ਜਾ ਸਕਣ, ਅਤੇ ਆਵਾਜਾਈ, ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਨਵੇਂ ਨਿਵੇਸ਼ਾਂ ਰਾਹੀਂ ਦੀਰਘ-ਕਾਲੀਨ ਮੁੜ-ਬਹਾਲੀ ਦੀ ਨੀਂਹ ਮਜ਼ਬੂਤ ਬਣਾਈ ਜਾ ਸਕੇ।

ਬਜਟ 2021 ਵਿੱਚ ਨਵੇਂ ਅਵਸਰਾਂ ਅਤੇ ਮੌਜੂਦਾ ਭਾਈਚਾਰਕ ਬੁਨਿਆਦੀ ਢਾਂਚੇ ਵਿੱਚ ਵੀ ਇਨ੍ਹਾਂ ਚੀਜ਼ਾਂ ਰਾਹੀਂ ਨਿਵੇਸ਼ ਕੀਤਾ ਗਿਆ ਹੈ:

- ਹੋਰ ਜ਼ਿਆਦਾ ਗ੍ਰਾਮੀਣ ਅਤੇ ਦੂਰ-ਦੁਰਾਡੇ ਭਾਈਚਾਰਿਆਂ ਲਈ, ਜਿਨ੍ਹਾਂ ਵਿੱਚ ਮੂਲਵਾਸੀ ਭਾਈਚਾਰੇ ਵੀ ਸ਼ਾਮਲ ਹਨ, ਹਾਈ-ਸਪੀਡ ਇੰਟਰਨੈੱਟ ਅਤੇ ਸੈਲੂਲਰ ਕਵਰੇਜ ਮੁਹੱਈਆ ਕਰਾਉਣ ਲਈ, ਆਗਾਮੀ ਤਿੰਨ ਸਾਲਾਂ ਦੌਰਾਨ $40 ਮਿਲੀਅਨ ਦੀ ਨਵੀਂ ਬੁਨਿਆਦੀ ਮਾਲੀ ਮਦਦ।
- $36 ਮਿਲੀਅਨ ਦੀ ਸੰਚਾਲਨ ਮਾਲੀ ਮਦਦ ਅਤੇ $47 ਮਿਲੀਅਨ ਦੀ ਪੂੰਜੀਗਤ ਮਾਲੀ ਮਦਦ ਬੀ ਸੀ ਪਾਰਕਸ ਲਈ, ਤਾਂ ਕਿ ਟ੍ਰੇਲਾਂ ਅਤੇ ਬੈਕਕੰਟਰੀ ਬੁਨਿਆਦੀ ਢਾਂਚੇ ਦਾ ਦਾਇਰਾ ਵਧਾਇਆ ਜਾ ਸਕੇ ਅਤੇ ਇਨ੍ਹਾਂ ਵਿੱਚ ਸੁਧਾਰ ਕੀਤਾ ਜਾ ਸਕੇ, ਹਰ ਸਾਲ 100 ਨਵੀਆਂ ਸੰਪੂਰਣ-ਸੇਵਾ ਕੈਂਪਸਾਈਟਾਂ ਦਾ ਵਾਧਾ ਕੀਤਾ ਜਾ ਸਕੇ, ਪਾਰਕਾਂ ਦਾ ਆਕਾਰ ਵਧਾਉਣ ਲਈ ਨਵੀਂ ਜ਼ਮੀਨ ਖ਼੍ਰੀਦੀ ਜਾ ਸਕੇ, ਡਿਸਕਵਰ ਕੈਂਪਿੰਗ ਦੇ ਰਾਖਵਾਂਕਰਣ ਸਿਸਟਮ ਵਿੱਚ ਸੁਧਾਰ ਕੀਤਾ ਜਾਵੇ, ਅਤੇ ਪਾਰਕਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਵਿੱਚ ਸਹਾਇਤਾ ਦਿੱਤੀ ਜਾ ਸਕੇ।
- $30 ਮਿਲੀਅਨ, ਤਾਂ ਕਿ ਪੂਰੇ ਬੀ ਸੀ ਦੇ ਭਾਈਚਾਰਿਆਂ ਵਿੱਚ ਬੀ ਸੀ ਦੇ ਕੌਨਫ਼ੈਡਰੇਸ਼ਨ ਵਿੱਚ ਸ਼ਾਮਲ ਹੋਣ ਦੀ 150ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਵਿੱਚ ਸਹਾਇਤਾ ਦਿੱਤੀ ਜਾ ਸਕੇ। ਇਨ੍ਹਾਂ ਨਿਵੇਸ਼ਾਂ ਨਾਲ ਮੇਲ-ਮਿਲਾਪ ਵਿੱਚ ਹੋਰ ਵਧੇਰੇ ਮਦਦ ਮਿਲੇਗੀ, ਅਤੇ ਉਸ ਵਿਭਿੰਨਤਾ ਨੂੰ ਮਾਨਤਾ ਮਿਲੇਗੀ ਜਿਸ ਦਾ ਬੀ ਸੀ ਦੇ ਜੀਵੰਤ ਸਮਾਜਕ ਅਤੇ ਆਰਥਕ ਤਾਣੇ ਬਾਣੇ ਵਿੱਚ ਯੋਗਦਾਨ ਹੈ, ਅਤੇ ਇਸ ਮੀਲ-ਪੱਥਰ ਤੱਕ ਪਹੁੰਚਣ ਦੀ ਨਿਸ਼ਾਨਦੇਹੀ ਲਈ ਪੂਰੇ ਸੂਬੇ ਵਿੱਚ ਸਥਿਤੀ ਅਨੁਰੂਪ ਢਲ ਸਕਣ ਦੀ ਸਮਰੱਥਾ ਅਤੇ ਸਿਹਤਯਾਬੀ ਵਿੱਚ ਸਹਾਇਤਾ ਮਿਲੇਗੀ।

ਬਜਟ 2021 ਵਿੱਚ ਮਾਲੀ ਯੋਜਨਾ ਦੌਰਾਨ $11 ਮਿਲੀਅਨ ਵੀ ਸ਼ਾਮਲ ਹਨ, ਤਾਂ ਕਿ ਜ਼ਮੀਨ-ਅਧਾਰਤ ਫ਼ੈਸਲੇ ਤੇਜ਼ੀ ਨਾਲ ਲੈਣ ਦੀ ਗੁੰਜਾਇਸ਼ ਪੈਦਾ ਕਰਨ ਵਿੱਚ ਸਹਾਇਤਾ ਮਿਲ ਸਕੇ ਅਤੇ ਇਹ ਯਕੀਨੀ ਬਣ ਸਕੇ ਕਿ ਸੂਬਾ ਸਰਕਾਰ ਨੂੰ ਸਥਿਰ ਆਰਥਕ ਵਿਕਾਸ ਨੂੰ ਉਭਾਰਨ ਲਈ ਬਿਹਤਰ ਸਮਰੱਥਾ ਹਾਸਲ ਹੋਵੇ।

ਸੂਬਾ ਸਰਕਾਰ ਕਾਰੋਬਾਰਾਂ, ਆਰਥਕ ਮਾਹਿਰਾਂ ਅਤੇ ਮੂਲਵਾਸੀ ਅਤੇ ਭਾਈਚਾਰਕ ਆਗੂਆਂ ਨਾਲ ਸਹਿਯੋਗ ਕਰਦੀ ਰਹੇਗੀ ਤਾਂ ਕਿ ਬੀ ਸੀ ਦੇ ਸਾਰੇ ਭਾਈਚਾਰਿਆਂ ਲਈ ਇੱਕ ਮਜ਼ਬੂਤ ਅਤੇ ਸਥਿਰ ਸਿਹਤਯਾਬੀ ਯਕੀਨੀ ਬਣਾਈ ਜਾ ਸਕੇ।

**ਇਨ ਬੀ ਸੀ ਸਟ੍ਰੈਟਜਿਕ ਇਨਵੈਸਟਮੈਂਟ ਫ਼ੰਡ ਰਾਹੀਂ ਬੀ ਸੀ ਦੇ ਭਵਿੱਖ ਵਿੱਚ ਨਿਵੇਸ਼**

ਬਜਟ 2021 ਵਿੱਚ ਮਾਲੀ ਯੋਜਨਾ ਦੌਰਾਨ ਇਨ ਬੀ ਸੀ ਸਟ੍ਰੈਟਜਿਕ ਇਨਵੈਸਟਮੈਂਟ ਫ਼ੰਡ ਦੇ ਵਿੱਤ-ਪੋਸ਼ਣ ਵਾਸਤੇ $500 ਮਿਲੀਅਨ ਸ਼ਾਮਲ ਹਨ। ਨਿਵੇਸ਼ ਸਬੰਧੀ ਫ਼ੈਸਲੇ ਸਰਕਾਰ ਦੇ ਪ੍ਰਭਾਵ ਤੋਂ ਮੁਕਤ ਹੋਣਗੇ, ਪਰ ਸਰਕਾਰ ਦੀਆਂ ਵਿਸ਼ੇਸ਼ ਆਰਥਕ, ਸਮਾਜਕ ਅਤੇ ਵਾਤਾਵਰਣ ਸਬੰਧੀ ਨੀਤੀਆਂ ਦਾ ਸਮਰਥਨ ਕਰਨ ਦੀ ਤਰਜੀਹ ਦੁਆਰਾ ਨਿਰਦੇਸ਼ਿਤ ਕੀਤੇ ਜਾਣਗੇ, ਜਿਵੇਂ ਕਿ ਇੱਕ ਵਧੇਰੇ ਹਰਿਤ ਆਰਥਕਤਾ ਵੱਲ ਕਦਮ ਵਧਾਉਣਾ ਅਤੇ ਮੇਲ-ਮਿਲਾਪ ਨੂੰ ਉਭਾਰਨਾ।

ਇਸ ਫ਼ੰਡ ਰਾਹੀਂ ਨਿਵੇਸ਼ ਇਸ ਸਾਲ ਦੇ ਮਗਰਲੇ ਹਿੱਸੇ ਵਿੱਚ ਸ਼ੁਰੂ ਹੋ ਜਾਣ ਦੀ ਉਮੀਦ ਕੀਤੀ ਜਾਂਦੀ ਹੈ, ਅਤੇ ਇਸ ਨਾਲ ਬੀ ਸੀ ਵਿੱਚ ਉੱਚ-ਵਿਕਾਸ ਸਮਰੱਥਾ ਵਾਲੇ ਕਾਰੋਬਾਰਾਂ, ਪ੍ਰਤਿਭਾ ਅਤੇ ਵਧੀਆ ਨੌਕਰੀਆਂ ਨੂੰ ਆਕਰਸ਼ਤ ਕਰਨ ਅਤੇ ਸਥਿਰ ਰੱਖਣ ਵਿੱਚ ਸਹਾਇਤਾ ਮਿਲੇਗੀ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710